# ਕੀ ਅਲੱਗ-ਅਲੱਗ ਕੰਪਨੀਆਂ ਦੇ ਕੋਵਿਡ-19 ਵੈਕਸੀਨ ਨੂੰ ਲਗਾਉਣਾ ਠੀਕ ਹੈ?

ਕੋਵਿਡ-19 ਟੀਕਿਆਂ ਦੀਆਂ ਦੋ ਖੁਰਾਕਾਂ ਪ੍ਰਾਪਤ ਕਰਨਾ ਬਹੁਤ ਮਹੱਤਵਪੂਰਨ ਹੈ ਤਾਂ ਜੋ ਤੁਹਾਨੂੰ ਕੋਵਿਡ-19 ਅਤੇ ਇਸਦੇ ਵਿਕਸਿਤ ਰੂਪਾਂ ਦੇ ਵਿਰੁੱਧ ਪੂਰੀ ਸੁਰੱਖਿਆ ਪ੍ਰਦਾਨ ਹੋ ਸਕੇ। ਤੁਹਾਡੀ ਦੂਜੀ ਖੁਰਾਕ ਤੋਂ 2 ਹਫ਼ਤਿਆਂ ਬਾਅਦ ਤੁਹਾਨੂੰ ਪੂਰੀ ਤਰ੍ਹਾਂ ਸੁਰੱਖਿਅਤ ਮੰਨਿਆ ਜਾਂਦਾ ਹੈ।



## ਕੀ ਮੇਰੀ ਦੂਜੀ ਖੁਰਾਕ ਲਈ ਵੱਖਰੀ ਕੰਪਨੀ ਦਾ ਕੋਵਿਡ-19 ਟੀਕਾ ਲਗਵਾਉਣਾ ਠੀਕ ਹੈ?

ਹਾਂ! ਇਹ ਤੁਹਾਨੂੰ ਕੋਵਿਡ-19 ਅਤੇ ਇਸਦੇ ਨਵੇਂ ਰੂਪਾਂ ਤੋਂ ਬਚਾਉਣ ਵਿਚ ਪ੍ਰਭਾਵਸ਼ਾਲੀ ਹੈ।

## ਕੀ ਇਸ ਤੋਂ ਪਹਿਲਾ ਵੀ ਹੋਰ ਟੀਕਿਆਂ ਲਈ "ਮਿਕਸਿੰਗ" ਹੋਈ ਹੈ?

ਹਾਂ, ਇਹ ਬਹੁਤ ਆਮ ਹੈ। ਉਦਾਹਰਣ ਦੇ ਲਈ, ਹੈਪੇਟਾਈਟਸ ਬੀ ਜਾਂ ਖਸਰਾ ਦੇ ਵੱਖੋ ਵੱਖਰੇ ਬ੍ਰਾਂਡ ਦੇ ਟੀਕੇ ਅਕਸਰ ਜੋੜ ਦਿੱਤੇ ਜਾਂਦੇ ਹਨ।



## ਮੈਨੂੰ ਦੂਸਰੀ ਖੁਰਾਕ ਲਈ ਵੱਖਰੀ ਕੰਪਨੀ ਦਾ ਟੀਕਾ ਕਿਉਂ ਲਗਵਾਉਣਾ ਪੈ ਰਿਹਾ ਹੈ?

ਕਨੇਡਾ ਨੂੰ ਹਰ ਟੀਕੇ ਦੀ ਡਿਲੀਵਰੀ ਹਫ਼ਤੇ ਦਰ ਹਫ਼ਤੇ ਦੇ ਹਿਸਾਬ ਨਾਲ ਹੋ ਰਹੀਂ ਹੈ, ਜਿਸ ਕਾਰਣ ਕਈ ਵਾਰ ਤੁਹਾਡੇ ਵਲੋਂ ਲਗਵਾਈ ਪਹਿਲੀ ਖੁਰਾਕ ਵਾਲੀ ਵੈਕਸੀਨ ਦੂਸਰੀ ਵਾਰ ਉਪਲੱਬਧ ਨਹੀਂ ਹੁੰਦੀ। ਇਸ ਦੌਰਾਨ ਤੁਸੀਂ ਕਿਸੇ ਦੂਸਰੇ ਬ੍ਰਾਂਡ ਦਾ ਵੈਕਸੀਨ ਲਗਵਾ ਸਕਦੇ ਹੋ। ਕਿਉਂਕਿ ਇਹ ਦੱਸਣਾ ਬੜ੍ਹਾ ਮੁਸਕਿਲ ਹੈ ਕਿ ਤੁਹਾਨੂੰ ਉਸੇ ਬ੍ਰਾਂਡ ਦੀ ਖੁਰਾਕ ਲਈ ਕਿੰਨਾ ਸਮਾਂ ਇੰਤਜ਼ਾਰ ਕਰਨਾ ਪਏਗਾ।

ਵੈਕਸੀਨੇਸ਼ਨ ਪਲੇਸ 'ਤੇ ਉਪਲੱਬਧ ਕੋਈ ਵੀ ਐਮਆਰਐਨਏ ਵੈਕਸੀਨ (ਮਾਡਰਨ ਜਾਂ ਫਾਈਜ਼ਰ) ਲਗਵਾਉਣਾ ਆਪਣੇ ਆਪ ਨੂੰ ਕੋਵਿਡ-19 ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ।



## ਆਪਣੀ ਦੂਜੀ ਖੁਰਾਕ ਲਈ ਮੈਨੂੰ ਕਿਹੜਾ ਕੋਵਿਡ-19 ਟੀਕਾ ਪ੍ਰਾਪਤ ਕਰਨਾ ਚਾਹੀਦਾ ਹੈ?

ਕਨੇਡਾ ਇਸ ਸਮੇਂ ਸਭ ਤੋਂ ਪਹਿਲੀਆਂ ਅਤੇ ਦੂਜੀਆਂ ਖੁਰਾਕਾਂ ਲਈ ਮਾਡਰਨਾ ਅਤੇ ਫਾਈਜ਼ਰ ਦੇ ਕੋਵਿਡ-19 ਵੈਕਸੀਨ ਪੇਸ਼ ਕਰ ਰਿਹਾ ਹੈ। ਦੋਵੇਂ ਟੀਕੇ ਲਾਜ਼ਮੀ ਤੌਰ 'ਤੇ ਇਕੋ ਜਿਹੇ ਅਤੇ ਬਹੁਤ ਪ੍ਰਭਾਵਸ਼ਾਲੀ ਹਨ (2 ਖੁਰਾਕਾਂ ਤੋਂ ਬਾਅਦ ਕੋਵਿਡ-19 ਬਿਮਾਰੀ ਨੂੰ ਰੋਕਣ ਵਿਚ ਲਗਭਗ 95% ਪ੍ਰਭਾਵਸ਼ਾਲੀ)।

## ਆਪਣੀ ਪਹਿਲੀ ਅਤੇ ਦੂਜੀ ਖੁਰਾਕ ਵਿੱਚ ਵੱਖ-ਵੱਖ ਕੰਪਨੀ ਦੇ ਕੋਵਿਡ-19 ਵੈਕਸੀਨਾਂ ਦਾ ਇਸਤੇਮਾਲ ਸੁਰੱਖਿਅਤ ਹੈ।



| ਪਹਿਲੀ ਖੁਰਾਕ ਲਈ ਪ੍ਰਾਪਤ ਹੋਇਆ ਟੀਕਾ | ਦੂਜੀ ਖੁਰਾਕ ਲਈ ਵਿਕਲਪ |
|---|---|
| ਫਾਈਜ਼ਰ / ਬਾਇਓਨਟੈਕ | ਫਾਈਜ਼ਰ ਜਾਂ ਮਾਡਰਨਾ<br>ਪਹਿਲੀ ਖੁਰਾਕ ਦੇ 21+ ਦਿਨ ਬਾਅਦ |
| ਮਾਡਰਨਾ | ਮਾਡਰਨਾ ਜਾਂ ਫਾਈਜ਼ਰ<br>ਪਹਿਲੀ ਖੁਰਾਕ ਦੇ 28+ ਦਿਨ ਬਾਅਦ |
| ਐਸਟਰਾਜ਼ੇਨੇਕਾ | ਫਾਈਜ਼ਰ ਜਾਂ ਮਾਡਰਨਾ (ਸਿਫਾਰਸ਼)<br>ਜਾਂ ਐਸਟਰਾਜ਼ੇਨੇਕਾ<br>ਪਹਿਲੀ ਖੁਰਾਕ ਦੇ 56+ ਦਿਨ (8 ਹਫ਼ਤੇ) ਬਾਅਦ |

**ਜੇ ਤੁਸੀਂ ਸਿਫਾਰਸ਼ ਕੀਤੇ ਗਏ ਸੰਜੋਗਾਂ ਵਿਚੋਂ ਕੋਈ ਵੀ ਲੈਂਦੇ ਹੋ, ਤਾਂ ਤੁਹਾਨੂੰ ਦੂਜੀ ਖੁਰਾਕ ਲੈਣ ਦੇ 2 ਹਫ਼ਤਿਆਂ ਬਾਅਦ ਪੂਰੀ ਤਰ੍ਹਾਂ ਸੁਰੱਖਿਅਤ ਮੰਨਿਆ ਜਾਂਦਾ ਹੈ।**



## ਜੇ ਮੈਨੂੰ ਆਪਣੀ ਦੂਜੀ ਖੁਰਾਕ ਲਈ ਪਹਿਲੀ ਖੁਰਾਕ ਵਿੱਚ ਲੱਗੇ ਟੀਕੇ ਨਾਲੋਂ ਵੱਖਰਾ ਟੀਕਾ ਮਿਲਦਾ ਹੈ ਤਾਂ ਕੀ ਮੈਂ ਕਿਸੇ ਬੁਰੀ ਬਿਮਾਰੀ ਦਾ ਸ਼ਿਕਾਰ ਹੋ ਸਕਦਾ ਹਾਂ?

ਮੋਡੇਰਨਾ ਅਤੇ ਫਾਈਜ਼ਰ/ਬਾਇਓਨਟੈਕ ਦੇ ਕੋਵਿਡ-19 ਵੈਕਸੀਨ ਬਹੁਤ ਸੁਰੱਖਿਅਤ ਹਨ ਅਤੇ ਇਹਨਾਂ ਦੇ ਸਾਡੇ ਸਰੀਰ 'ਤੇ ਲਗਭਗ ਇਕੋ ਜਿਹੇ ਸਾਈਡ ਇਫੈਕਟਸ ਹਨ।

ਸਭ ਤੋਂ ਆਮ ਸੰਭਵ ਪ੍ਰਭਾਵਾਂ ਵਿੱਚ ਟੀਕੇ ਵਾਲੀ ਜਗ੍ਹਾ 'ਤੇ ਦਰਦ, ਸਰੀਰ ਅਤੇ ਮਾਸਪੇਸ਼ੀਆਂ ਦਾ ਦਰਦ, ਥੱਕੇ ਮਹਿਸੂਸ ਹੋਣਾ ਅਤੇ ਬੁਖਾਰ ਮਹਿਸੂਸ ਕਰਨਾ ਆਦਿ ਸ਼ਾਮਲ ਹਨ। ਟੀਕੇ ਦੀ ਦੂਜੀ ਖੁਰਾਕ ਤੋਂ ਬਾਅਦ ਕੁਝ ਲੋਕ ਥੋੜੇ ਜਿਹੇ ਮਾੜੇ ਪ੍ਰਭਾਵਾਂ ਦਾ ਅਨੁਭਵ ਕਰਦੇ ਹਨ (ਉਦਾਹਰਣ ਵਜੋਂ ਵਧੇਰੇ ਥੱਕੇ ਮਹਿਸੂਸ ਹੋਣਾ ਜਾਂ ਮਾਸਪੇਸ਼ੀਆਂ ਵਿੱਚ ਜ਼ਿਆਦਾ ਦਰਦ ਹੋਣਾ) - ਇਸਦਾ ਮਤਲਬ ਹੈ ਕਿ ਤੁਹਾਡਾ ਇਮਿਊਨ ਸਿਸਟਮ ਕੰਮ ਕਰ ਰਿਹਾ ਹੈ! ਇਹ ਪ੍ਰਭਾਵ ਆਮ ਤੌਰ ਤੇ ਲਗਭਗ ਇੱਕ ਤੋਂ ਤਿੰਨ ਦਿਨਾਂ ਵਿੱਚ ਠੀਕ ਹੁੰਦੇ ਹਨ।

**ਤੁਹਾਡੇ ਲਈ ਕੋਵਿਡ-19 ਟੀਕੇ ਦੀਆਂ ਦੋ ਖੁਰਾਕਾਂ ਪ੍ਰਾਪਤ ਕਰਨਾ ਮਹੱਤਵਪੂਰਨ ਹੈ ਤਾਂ ਜੋ ਕੋਵਿਡ-19 ਅਤੇ ਇਸਦੇ ਨਵੇਂ ਰੂਪਾਂ ਦੇ ਵਿਰੁੱਧ ਪੂਰੀ ਤਰਾਂ ਸੁਰੱਖਿਆ ਪ੍ਰਦਾਨ ਕਰਦਾ ਹੈ। ਇਹ ਤੁਹਾਨੂੰ, ਤੁਹਾਡੇ ਅਜ਼ੀਜ਼ਾਂ ਅਤੇ ਤੁਹਾਡੇ ਭਾਈਚਾਰੇ ਨੂੰ ਕੋਵਿਡ-19 ਬਿਮਾਰੀ ਤੋਂ ਬਚਾਉਂਦਾ ਹੈ।**



**ਅਸੀਂ ਆਸ ਕਰਦੇ ਹਾਂ ਕਿ ਤੁਹਾਨੂੰ ਇਹ ਬੁਲੇਟਿਨ ਲਾਭਦਾਇਕ ਲੱਗੇਗਾ! ਅਸੀਂ ਤੁਹਾਨੂੰ ਇਸ ਨੂੰ ਵਿਆਪਕ ਤੌਰ ਤੇ ਸਾਂਝਾ ਕਰਨ ਲਈ ਸੱਦਾ ਦਿੰਦੇ ਹਾਂ, ਇਸ ਨੂੰ ਸਕ੍ਰਿਪਟ ਦੇ ਤੌਰ ਤੇ ਆਡੀਓ ਜਾਂ ਵਿਡੀਓ ਫਾਈਲ ਨੂੰ ਰਿਕਾਰਡ ਕਰਨ ਲਈ ਇਸਤੇਮਾਲ ਕਰੋ, ਜਾਂ ਦੂਜਿਆਂ ਨਾਲ ਸਾਂਝਾ ਕਰਨ ਲਈ ਇਸ ਨੂੰ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰੋ।**

**ਕਿਰਪਾ ਕਰਕੇ ਸਰੋਤ ਦੇਣਾ ਨਿਸ਼ਚਤ ਕਰੋ: ਵੂਮੈਨਜ਼ ਕਾਲਜ ਹਸਪਤਾਲ, ਓਕਾਸੀ (OCASI), ਟਾਇਬੂ ਕਮਿਊਨਿਟੀ ਹੈਲਥ ਸੈਂਟਰ ਅਤੇ ਰਫਿਊਜੀ 613।**

*7 ਜੁਲਾਈ, 2021 ਤੱਕ ਸਟੀਕ*


**ਇਸ ਬੁਲੇਟਿਨ ਵਿਚ ਦਿੱਤੀ ਜਾਣਕਾਰੀ ਨੂੰ ਕੈਨੇਡੀਅਨ ਡਾਕਟਰਾਂ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ: ਮੇਬ ਰਾਸ਼ਿਦ ਐਮ.ਡੀ., ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਆਫ ਟੋਰਾਂਟੋ; ਵੈਨੇਸਾ ਰੈਡਿਟ, ਐਮਡੀ, ਲੈਕਚਰਾਰ, ਯੂਨੀਵਰਸਿਟੀ ਆਫ ਟੋਰਾਂਟੋ; ਅਤੇ ਆਈਜ਼ੈਕ ਆਈ. ਬੋਗੋਚ, ਐਮਡੀ, ਐਸੋਸੀਏਟ ਪ੍ਰੋਫੈਸਰ, ਯੂਨੀਵਰਸਿਟੀ ਆਫ ਟੋਰਾਂਟੋ**

**ਸਮੱਗਰੀ ਯੋਗਦਾਨ: ਐਂਡਰੇਆ ਚਿਟਲ, ਕੈਲੀ ਗਰਿੰਡਰੋਡ, ਨੂਹ ਇਵਰਸ, ਸਮੀਰਾ ਜੈਮੀ, ਤਾਰਾ ਕਿਰਨ, ਕੇਟ ਮਿਲਰ, ਮੇਨਾਕਾ ਪਾਈ, ਐਡਰਿਅਨ ਪੂਨ, ਸਮੰਥਾ ਯਾਮੀਨ, ਸਬਿਨਾ ਵੋਹਰਾ-ਮਿਲਰ, ਕ੍ਰਿਸਟੀਨ ਵਾਟ, ਹੋਲੀ ਵਿਟਮੈਨ**


REFUGEE 613 | TAIBU COMMUNITY HEALTH CENTRE | OCASI Ontario Council of Agencies Serving Immigrants | WCH WOMEN'S COLLEGE HOSPITAL Healthcare | REVOLUTIONIZED


Funded by: Immigration, Refugees and Citizenship Canada

Financé par : Immigration, Réfugiés et Citoyenneté Canada

With contributions from: pchs Serving Diverse Communities | MCIS LANGUAGE SOLUTIONS